## How and when did you become a poet?

by Narendra Modi 9. October 2009 11:47

ਵਿਸ਼ਾਲ ਕਾਇਆ
ਪੱਥਰਾਂ ਦੀ ਕੋਖ 'ਚੋਂ
ਕਦ ਨਿਕਲਿਆ ਝਰਨਾ ਝਰ ਝਰ
ਪਹਾੜਾਂ ਨੂੰ ਕੀ ਖ਼ਬਰ ?

ਕਰੁਣਾ ਜਦ ਸ਼ਬਦ ਦੀ
ਸ਼ਕਲ ਢਲੇ
ਸੰਵੇਦਨਾ ਦੀ
ਖੁਸ਼ਬੋਈ ਫੈਲੇ

ਕਰੁਣਾ, ਵੇਦਨਾ, ਸੰਵੇਦਨਾ
ਦਾ ਭਾਵ ਵਿਸ਼ਵ ਜਦੋਂ
ਭਾਵਨਾ ਦੇ ਸਰੋਵਰ ਵਿੱਚ
ਛਪ ਛਪ ਕਰਨ ਲੱਗੇ

ਤਦ
ਕਾਗਜ ਦੀ ਬੇੜੀ 'ਤੇ
ਸ਼ਬਦ ਓਸ ਬਣ
ਝੂੰਮਣ ਲੱਗੇ...ਅਤੇ..
ਹੌਲੇ ਜਿਹੇ ਕਵਿਤਾ ਦਾ
ਗਰਭ-ਧਾਰਣ ਹੋਇਆ

ਕਵਿਤਾ ਗਰਭ ਧਾਰਣ
ਕਦ ਹੋਈ
ਜਾਂ
ਜਣਨ ਪੀੜ੍ਹਾ ਕਵਿਤਾ ਦੀ
ਸੀ ਲੰਮੀ ਕਿੰਨੀ ਕੁ
ਸੀ ਤੇਜ਼ ਕਿੰਨੀ ਕੁ
ਥਾਹ ਲੈਣਾ
ਇਸਦੀ ਸੰਭਵ ਨਹੀ

ਅਣਗਣਿਤ ਕਵਿਤਾਵਾਂ
ਹਨ ਪ੍ਰਕਾਸ਼ਿਤ ਹੁੰਦੀਆਂ
ਪਰੰਤੂ ਉਂਗਲੀਆਂ ਉੱਤੇ
ਗਿਣੀਆਂ ਜਾਣ
ਐਨੀਆਂ ਕਵਿਤਾਵਾਂ
ਹਨ ਜਨਮ ਕਵੀ ਨੂੰ ਦਿੱਦੀਆਂ

Copyright © 2009 NarendraModi.com

ਦੋਸਤੋ,
ਮੈਂ ਕਵੀ ਨਹੀ,
ਮੈਂ ਤਾਂ ਕੇਵਲ ਕਵਿਤਾ ਪ੍ਰੇਮੀ ਹਾਂ।
ਸ਼ਬਦ, ਸਾਧਨਾ, ਉਪਾਸਨਾ ਦਾ
ਆਨੰਦ ਲੱਭਦਾ ਰਹਿੰਦਾ ਹਾਂ।



Copyright © 2009 NarendraModi.com